Singh Sahib
Prof. Darshan Singh
Khalsa

# ਇਕ ਸਿਖੀ ਮਸਲਾ ਖੁਲੀ ਕਿਤਾਬ ਵਾਂਗੂਂ ਪੰਥ ਦੇ ਸਾਹਮਣੇ ਪੇਸ਼ ਹੈ

ਸਲੋਕ ਮਃ ੩ ॥ਸੇਖਾ ਅੰਦਰਹੁ ਜੋਰੁ ਛਡਿ ਤੂ ਭਉ ਕਰਿ ਝਲੁ ਗਵਾਇ ॥
ਗੁਰ ਕੈ ਭੈ ਕੇਤੇ ਨਿਸਤਰੇ ਭੈ ਵਿਚਿ ਨਿਰਭਉ ਪਾਇ ॥
ਮਨੁ ਕਠੋਰੁ ਸਬਦਿ ਭੇਦਿ ਤੂੰ ਸਾਂਤਿ ਵਸੈ ਮਨਿ ਆਇ ॥
ਸਾਂਤੀ ਵਿਚਿ ਕਾਰ ਕਮਾਵਣੀ ਸਾ ਖਸਮੁ ਪਾਏ ਥਾਇ ॥
ਨਾਨਕ ਕਾਮਿ ਕ੍ਰੋਧਿ ਕਿਨੈ ਨ ਪਾਇਓ ਪੁਛਹੁ ਗਿਆਨੀ ਜਾਇ ॥੧॥

ਸੇਖਾ {ਧਰਮ ਦੇ ਠੇਕੇਦਾਰਾ}ਧਰਮ ਦੇ ਨਾਮ ਤੇ ਜੋਰਾ ਜਰਬੀ ਦਾਦਾ ਗਿਰੀ ਕਰਣੀ ਛੱਡ ਦੇ ਤੂੰ ਤਾਂ ਸ਼ੇਖ ਦੀ ਪਦਵੀ ਤੇ ਬੈਠ ਕੇ ਝੱਲਾ ਹੋਗਿਆ ਹੈਂ ਅਪਣਾ ਕਰਮ ਖੇਤਰ ਭੀ ਭੁਲ ਗਿਆ ਹੈ ਸ੍ਰੀ ਗੁਰੂ ਗਰੰਥ ਸਾਹਿਬ ਦੇ ਭੈ ਵਿਚ ਰਹਿ ਕੇ ਗੁਰੂ ਦਾ ਅਦਬ ਕਾਇਮ ਰੱਖੋ ਭਲਾ ਜੇ ਤੁਹਾਡੇ ਇਸ ਹੰਕਾਰੀ ਮਨ ਤੇ ਗੁਰੂ ਸ਼ਬਦ ਦਾ ਅਸਰ ਹੋਵੇ ਤੇ ਹੰਕਾਰ ਦੀ ਥਾਵੇਂ ਸ਼ਾਂਤੀ ਵਿਚ ਕਾਰ ਕਰਣੀ ਆ ਜਾਵੇ ਗਿਆਨ ਵਾਨ ਪੁਰਸ਼ ਜਾਣਦੇ ਹਨ ਕੇ ਕਾਮੀ ਅਤੇ ਕ੍ਰੋਧੀ ਆਦਮੀ ਨੂੰ ਕਦੀ ਪ੍ਰਭੂ ਨਹੀਂ ਮਿਲਦਾ ।

ਗੁਰੂ ਗ੍ਰੰਥ ਜੀ ਦੀ ਤਾਬਿਆ ਬੈਠੇ ਪੰਥ ਖਾਲਸਾ ਜੀਓ
ਵਾਹਿਗੁਰੂ ਜੀ ਕਾ ਖਾਲਸਾ ,ਵਾਹਿਗੁਰੂ ਜੀ ਕੀ ਫਤਹਿ

ਆਪਜੀ ਜਾਣਦੇ ਹੋ ਕੇ ਦਸਮ ਗਰੰਥ ਦਾ ਮਸਲਾ ਕੋਈ ਖੇਤਰੀ ਮਸਲਾ ਨਹੀਂ ਇਹ ਪੰਥਕ ਮਸਲਾ ਹੈ ਇਹ ਮਸਲਾ ਅਤੇ ਦਰਸ਼ਨ ਸਿੰਘ ,ਭਾਈ ਇਕਬਾਲ ਸਿੰਘ ਪਟਨਾ ਸਾਹਿਬ ਦੇ ਕਰਮ ਖੇਤਰ ਵਿਚ ਨਹੀਂ ਅਉਂਦਾ ।ਇਸ ਕੋਲ ਸਿਰਫ ਅਪਣੇ ਖੇਤਰੀ ਮਸਲੇ ਵੀਚਾਰਣ ਦਾ ਹੱਕ ਹੈ ਜੇ ਵੀਚਾਰ ਸੱਕੇ। ਪਰ ਇਹ ਭਲਾ ਲੋਕ ਤਾਂ ਪਦਵੀ ਦੇ ਨਸ਼ੇ ਵਿਚ ਮਦਹੋਸ਼ ਹੋਇਆ ਇਹ ਸਮਝ ਬੈਠਾ ਹੈਂ ਕੇ ਮੇਰੇ ਸਾਰਟੀਫਕੇਟ ਬਿਨਾ ਕੋਈ ਸਿਖ ਹੀ ਨਹੀਂ ਹੋ ਸਕਦਾ।

ਨਹੀ ਨਹੀਂ ਐਸਾ ਬਿਲਕੁਲ ਨਹੀ ਇਹ ਇਸਦਾ ਭੁਲੇਖਾ ਹੈ। ਮੈ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਿਖ ਹਾਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਮੇਰਾ ਗੁਰੂ ਹੈ .ਸਾਡੇ ਦਰਮਿਆਨ ਵਿਚ ਹੋਰ ਕੋਈ ਨਹੀਂ ਆ ਸਕਦਾ ਸ੍ਰੀ ਗੁਰੂ ਗਰੰਥ ਸਾਹਿਬ ਦਾ ਸਿਖ ਹੋਣ ਲਈ ਮੈਨੂੰ ਕਿਸੇ ਸ਼ੇਖ ਦੇ ਸਾਰਟੀਫਕੇਟ ਦੀ ਲੋੜ ਨਹੀਂ ਹੈ ,{ਤਨ ਮਨ ਧਨ ਸਭ ਸਉਂਪ ਗੁਰ ਕਉ ਹੁਕਮ ਮਨਿਐ ਪਾਈਐ} ਗੁਰੂ ਦਾ ਹੋਕਾ ਦੇਂਦਿਆ ਜੇ ਜੀਵਨ ਲੇਖੇ ਲਗ ਜਾਵੇ ਧੰਨ ਭਾਗ ਸਮਝਾਂਗਾ “ ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨ ਜਾਇ ॥

ਜਿਥੇ ਸਾਰਾ ਪੰਥ ਅਜ ਚਾਵਾਂ ਨਾਲ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤੀਜੀ ਸ਼ਤਾਬਦੀ ਮਨਾ ਰਿਹਾ ਹੈ ਉਥੇ ਕੁਛ ਬਦਕਿਸਮਤ ਲੋਕ ਹੋਰ ਹੋਰ ਗਰੰਥ ਰਚਨਾਵਾਂ ਨੂੰ ਗੁਰੂ ਆਖ ਕੇ ਅਤੇ ਸਭ ਥਾਈਂ ਗੁਰੂ ਦੇ ਬਰਾਬਰ ਪ੍ਰਕਾਸ਼ ਕਰਾਨ ਦੇ ਹੁਕਮ ਦੇਕੇ ਇਸ ਵਿਚ ਬੇਅਰਥ ਕੜ੍ਹੀ ਘੋਲਣ ਦੀ ਕੋਸ਼ਸ਼ ਕਰ ਰਹੇ ਹਨ ਓਹਨਾ ਦੇ ਹੀ ਇਕ ਮੁਖੀ ਦਾ ਨਾਮ ਭਾਈ ਇਕਬਾਲ ਸਿੰਘ ਹੈ ਜਿਸ ਵੀਰ ਨੂੰ ਇਹ ਭੀ

ਪਤਾ ਨਹੀਂ ਕੇ ਹੁਕਮ ਨਾਮੇ ਦਾ ਸਰੂਪ ਮਰੀਆਦਾ ਕੀ ਹੋਂਦੀ ਹੈ ਪਿਛਲੇ ਹੁਣ ਤਕ ਦੇ ਅਕਾਲ ਤਖਤ ਤੋ ਜਾਰੀ ਹੋਇ ਹੁਕਨਾਮੇ ਦੇਖੋ ਉਹਨਾ ਦੀ ਬਣਤਰ ਫੈਲਾਓ ਮਰੀਆਦਾ ਕੀ ਹੈ ,ਪਰ ਇਹ ਵੀਰ ਤਾਂ ਅਪਣੇ ਅੱਠ ਸਫੇ ਦੇ ਕੂੜ ਕਬਾੜ ਅਤੇ ਨਿਰੇ ਝੂਠ ਦੇ ਪਲੰਦੇ ਲੈਕਚਰ ਨੂੰ ਹੁਕਮ ਨਾਮੇ ਦਾ ਨਾਮ ਦੇਈ ਜਾਂਦਾ ਹੈਂ ਦੁਖ ਹੈ ਕੇ ਕੁਛ ਭੋਲੇ ਭਾਲੇ ਲੋਕਾਂ ਵਲੋਂ ਇਹਨਾ ਪੁਰਸ਼ਾਂ ਨੂੰ ਹੀ ਤਖਤ ਸਮਝਣ ਲੈਣ ਅਤੇ ਏਹਨਾ ਵਲੋਂ ਆਏ ਦਿਨ ਹੋਂਦੀਆਂ ਸਿਧਾਂਤਕ  ਓਲੰਘਣਾ ਕਾਰਨ ਹੀ ਤਖਤਾਂ ਦਾ ਨਿਰਾਦਰ ਹੋ ਰਿਹਾ ਹੈ।ਇਹ ਵੀਰ ਤਾਂ ਰਾਮ ਲੀਲਾ, ਕ੍ਰਿਸ਼ਨ ਲੀਲਾ ਅਤੇ ਦਸਮ ਗਰੰਥ ਦੀ ਅਤਿ ਅਸ਼ਲੀਲ ਰਚਨਾ ਤ੍ਰਯਾ ਚਰਿਤਰ ਨੂੰ ਗੁਰੂ ਦਸਮ ਪਾਤਸ਼ਾਹ ਜੀਦੀ ਪਵਿਤਰ ਕਲਮ ਦੇ ਨਾ ਮੜ੍ਹੀ ਜਾਂਦੇ ਹਨ ,ਇਹ ਲਿਖਦੇ ਹਨ ਕੇ ਗੁਰੂ ਦਸਮ ਪਾਤਸ਼ਾਹ ਜੀ ਨੇ ਕਾਮ ਕ੍ਰਿਆ ਦੀ ਅਸ਼ਲੀਲਤਾ ਅਤੇ ਨੰਗੇਜ਼ ਇਉਂ ਹੀ ਲਿਖਿਆ ਹੈ ਜਿਵੇਂ ਅੀਪ੍ਰੇਸ਼ਨ ਕਰਨ ਲਗਿਆਂ ਡਾਕਟਰ ਰੋਗੀ ਨੂੰ ਨੰਗਾ ਕਰ ਲੈਂਦਾ ਹੈ ਇਹਨਾ ਨੂੰ ਪਤਾ ਹੋਵੇ ਕੇ ਅਪ੍ਰੇਸ਼ਣ ਸਮੇ ਕਿਸੇ ਨੂੰ ਥੈਟਰ ਦੇ ਨੇੜੇ ਨਹੀਂ ਫਟਕਣ ਦਿਤਾ ਜਾਂਦਾ ਹਰ ਬੱਚੇ ਨੂੰ ਪਤਾ ਹੈ ਕੇ ਮਾ ਬਾਪ ਦੀ ਸੈਕਸ ਕ੍ਰਿਆ ਤੋਂ ਹੀ ਸਾਡਾ ਜਨਮ ਹੋਇਆ ਹੈ ਪਰ ਫਿਰ ਭੀ ਚੰਗੇ ਸਾਮਾਜ ਦੇ ਬੱਚੇ ਜਾਂ ਮਾ ਬਾਪ ਸੈਕਸ ਕ੍ਰਿਆ ਨੂ ਪੜਦੇ ਦੀ ਲੋੜ ਸਮਝਦੇ ਹਨ ਇਸੇ ਲਈ ਅੱਜ ਐਨੇ ਮਾਡਰਨ ਸਮੇ ਵਿਚ ਭੀ ਬਿਲਯੂ ਫਿਲਮਾ ਤੇ ਪਾਬੰਦੀ ਹੈ ਸਮਾਜ ਵਿਚ ਖਾਸ ਕਰ ਬਚਿਆਂ ਨੂੰ ਤਾਂ ਬਿਲਕੁਲ ਨਹੀਂ ਦਿਖਾਈਆਂ ਜਾ ਸਕਦੀਆਂ ਪਰ ਇਹਂ ਲੋਕ ਇਸ ਕਾਮ ਨੰਗੇਜ਼ ਨੂੰ ਗੁਰੂ ਦੇ ਬਰਾਬਰ ਪ੍ਰਕਾਸ਼ ਕਰਕੇ ਸਿਖ ਕੌਮ ਕੋਲੋਂ ਮੱਥੇ ਟਿਕਾਣੇ ਚਾਹੁੰਦੇ ਹਨ ਉਹ ਭੀ ਗੁਰੂ ਦਸਮ ਪਾਤਸ਼ਾਹ ਜੀਦਾ ਨਾਮ ਵਰਤ ਕੇ। ਜਦੋਂ ਬਿਪਤਾ ਸਮੇ ਸਿਖ ਜੰਗਲਾਂ ਵਿਚ ਰਹਿ ਰਿਹਾ ਸੀ ਉਸ ਸਮੇ ਸਿਖ ਦੋਖੀ ਬ੍ਰਹਮਨ ਇਜ਼ਮ ਵਲੋਂ ਸਿਖੀ ਨੂੰ ਅਤੇ ਗੁਰੂ ਨੂੰ ਕਲੰਕਤ ਕਰਣ ਦੀ ਸਾਜਸ਼ ਨਾਲ ਅਤੇ ਕੁਛ ਸਿਖ ਨੂੰ ਹਿੰਦੂ ਬਨਾਣ ਵਿਚ ਸਾਹਾਇਕ ਹੋਣ ਵਾਲੀਆਂ ਰਚਨਾਵਾਂ ਇਸ ਗ੍ਰੰਥ ਵਿਚ ਪਾ ਦਿਤੀਆਂ, ਅਤੇ ਏਹਨਾ ਰਚਨਾਵਾਂ ਨੂੰ ਗੁਰੂ ਨਾਲ ਜੋੜਨ ਲਈ ਅਨੇਕਾਂ ਸਿਖਾਂ ਦੇ ਨਾਵਾਂ ਹੇਠ ਮਨ ਘੜਤ ਕਹਾਣੀਆਂ ਭੀ ਘੜੀਆਂ ਗਈਆਂ ਇਸ ਸਭ ਕੁਛ ਦੇ ਸਬੂਤ ਮਉਜੂਦ ਹਨ। ਅਸੀਂ ਗੁਰੂ ਦਸਮ ਪਾਤਸ਼ਾਹ ਜੀਦਾ ਪਾਕ ਪਵਿਤਰ ਦਾਮਣ ਹਮੇਸ਼ਾਂ ਉਜਲਾ ਦੇਖਣਾ ਚਾਹੁੰਦੇ ਹਾਂ ਇਸ ਲਈ ਕੌਮ ਨੂੰ ਜਾਗਰਤ ਕਰ ਰਹੇ ਹਾਂ।

ਦਾਸ ਨੇ ਨਦੇੜ ਸਾਹਿਬ ਭੀ ਏਹੋ ਗੱਲ ਕਹੀ ਸੀ ਕੇ ਜੇ ਤੁਹਾਡੇ ਕੋਲ ਕੋਈ ਐਸਾ ਸਬੂਤ ਹੈ ਤਾਂ ਮੈਨੂੰ ਦਸੋ ਜਦੋਂ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ  ਗੱਦੀ ਨਸ਼ਨਿ ਕੀਤੀ ਤਾਂ ਉਸ ਵਕਤ ਕਿਸੇ ਹੋਰ ਗ੍ਰੰਥ ਦਾ ਪ੍ਰਕਾਸ਼ ਬਰਾਬਰ ਕੀਤਾ ਜਾਂ ਗੱਦੀ ਦਿਤੀ ,ਜਾਂ ਪੰਜਾਂ ਪਿਆਰਿਆਂ ਜਾਂ ਕਿਸੇ ਵਿਅਕਤੀ ਨੂੰ ਹੱਕ ਦਿਤਾ ਕੇ ਤੁਸੀ ਬਾਹਦ ਵਿਚ ਕਿਸੇ ਹੋਰ ਗ੍ਰੰਥ ਨੂੰ ਭੀ ਗੁਰੂ ਬਰਾਬਰ ਬਿਠਾ ਕੇ ਗੁਰੂ ਬਣਾ ਸਕਦੇ ਹੋ ?।ਐਸਾ ਨਹੀ ਤੇ ਬਿਲਕੁਲ ਨਹੀਂ ਹੋਇਆ।

ਕੇਵਲ ਤੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਿੰਘਾਸਣ ਤੇ ਬਿਠਾ ਕੇ ਨਮਸ਼ਕਾਰ ਕੀਤੀ ਅਤੇ ਸਮੂਚੇ ਸਿਖ ਪੰਥ ਨੂੰ ਅਗੇ ਤੋਂ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਗੁਰੂ ਮਨਣ ਦਾ ਹੁਕਮ ਕੀਤਾ ।ਜੇਹੜਾ ਗੁਰੂ ਦਸਮ ਪਾਤਸ਼ਾਹ ਜੀ ਦਾ ਹੁਕਮ ਮੱਨ ਕੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਗੁਰੂ ਮੱਨਦਾ ਹੈ ਓਹੋ ਹੀ ਸਿਖ ਹੈ ਹੁਕਮ ਨਾ ਮਨਣ ਵਾਲਾ ਸਿਖ ਨਹੀਂ ਬਲਕੇ ਮਨਮੁਖ ਹੈ ਇਹ ਫੈਸਲਾ ਗੁਰੂ ਨੇ ਬਾਣੀ ਵਿਚ ਹੀ ਕਰ ਦਿਤਾ ਹੈ।

ਮ: ੪ ॥ ਪੂਰੇ ਗੁਰ ਕਾ ਹੁਕਮੁ ਨ ਮੰਨੈ ਓਹੁ ਮਨਮੁਖੁ ਅਗਿਆਨੁ ਮੁਠਾ ਬਿਖੁ ਮਾਇਆ ॥
ਓਸੁ ਅੰਦਰਿ ਕੂੜੁ ਕੂੜੋ ਕਰਿ ਬੁਝੈ ਅਣਹੋਦੇ ਝਗੜੇ ਦਯਿ ਓਸ ਦੈ ਗਲਿ ਪਾਇਆ ॥

ਅਤੇ ਸਤਿਗੁਰੂ ਜੀ ਨੇ ਹੀ ਸਿਖੀ ਨੂੰ ਸੰਬੋਧਣ ਕਰਕੇ ਐਸੇ ਮਨਮੁਖਾਂ ਨਾਲੋ ਸਬੰਧ ਤੋੜਨ {ਛੇਕਨ} ਲਈ ਗੁਰਬਾਣੀ ਰਾਹੀ ਹੁਕਮ ਨਾਵਾਂ ਜਾਰੀ ਕਰ ਦਿਤਾ ਹੈ ।

**ਹੁਕਮ ਨਾਮਾ ਗੁਰੂ ਕਾ** **ਸਲੋਕ ਮਃ ੪ ॥**

**ਮਨਮੁਖ ਮੂਲਹੁ ਭੁਲਿਆ ਵਿਚਿ ਲਬੁ ਲੋਭੁ ਅਹੰਕਾਰੁ ॥**
**ਝਗੜਾ ਕਰਦਿਆ ਅਨਦਿਨੁ ਗੁਦਰੈ ਸਬਦਿ ਨ ਕਰਹਿ ਵੀਚਾਰੁ ॥**
**ਸੁਧਿ ਮਤਿ ਕਰਤੈ ਸਭ ਹਿਰਿ ਲਈ ਬੋਲਨਿ ਸਭੁ ਵਿਕਾਰੁ ॥**
**ਦਿਤੈ ਕਿਤੈ ਨ ਸੰਤੋਖੀਅਹਿ ਅੰਤਰਿ ਤਿਸਨਾ ਬਹੁ ਅਗਿਆਨੁ ਅੰਧਾਰੁ ॥**
**ਨਾਨਕ ਮਨਮੁਖਾ ਨਾਲੋ ਤੁਟੀ ਭਲੀ ਜਿਨ ਮਾਇਆ ਮੋਹ ਪਿਆਰੁ ॥੧॥**

ਐਸੇ ਮਨਮੁਖ ਪਹਿਲੇ ਹੀ ਗੁਰੂ ਵਲੋਂ ਛੇਕੇ ਹੋਇ ਹਨ ,ਉਹ ਹੋਰ ਕਿਸੇ ਨੂੰ ਕੀ ਛੇਕਣ ਗੇ।

ਗੁਰੂ ਬਖਸ਼ਿਸ਼ ਸਦਕਾ ਦਾਸ ਨੇ ਅਤੀ ਨਾਜ਼ਕ ਅਤੇ ਔਖੇ ਸਮੇ ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਸੇਵਾ ਵਿਚ ਰਹਿ ਕੇ ਵਕਤ ਦੀਆਂ ਸਰਕਾਰਾਂ ਤੋਂ ਬੇਖੌਫ ਹੋ ਸੇਵਾ ਸੰਭਾਲ ਕੀਤੀ ਅਤੇ ਸਭ ਜਾਣਦੇ ਹਨ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ ਸਤਿਕਾਰ ਦੇ ਈਸ਼ੂ ਤੇ ਹੀ ਪਦਵੀ ਤੋਂ ਅਸਤੀਫਾਂ ਦਿਤਾ ਸੀ। ਅਤੇ ਗੁਰੂ ਰਹਿਮਤ ਸਮਝ ਕੇ ਅੱਜ ਤਕ ਗੁਰੂ ਮ੍ਰੀਯਾਦਾ ਤੇ ਪਹਿਰਾ ਦੇਣ ਦੀ ਇਛਾ ਸ਼ਕਤੀ ਨਾਲ ਹੀ ਜੀਊ ਰਿਹਾ ਹਾਂ।ਦੇਖ ਕੇ ਮਨ ਦੁਖੀ ਹੋਂਦਾ ਹੈ ਕੇ ਅਜ ਕਿਸਤਰਾਂ ਗੁਰੂ ਮਰੀਯਾਦਾ ਸਿਧਾਂਤ ਸਿਖੀ ਆਚਰਣ ਦਾ ਜਨਾਜ਼ਾ ਕਢਿਆ ਜਾ ਰਿਹਾ ਹੈ ਅਤੇ ਹੁਣ ਤਾਂ ਇਕੋ ਇਕ ਸਿਖ ਦੇ ਜੀਵਣ ਇਮਾਰਤ ਦੇ ਥੰਮ {ਜਿਉਂ ਮੰਦਰ ਕਉ ਥਾਂਮੈ ਥੰਮਨੁ ॥ ਤਿਉਂ ਗੁਰ ਕਾ ਸਬਦੁ ਮਨਹਿ ਅਸਥੰਮਨੁ ॥} ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੁਰੂ ਤਵ ਨੂੰ ਭੀ ਹੱਥ ਪਾਇਆ ਜਾ ਰਿਹਾ ਹੈ ਅਤੇ ਇਸ ਖਤਰੇ ਤੋਂ ਕੌਮ ਨੂੰ ਜਗਾਣ ਵਾਲੀ ਹਰ ਅਵਾਜ਼ ਨੂੰ ਸਖਤੀ ਨਾਲ ਖਾਮੋਸ਼ ਕਰਨ ਦੀ ਕੋਸ਼ਸ਼ ਕੀਤੀ ਜਾ ਰਹੀ ਹੈ।ਭਾਈ ਇਕਬਾਲ ਸਿੰਘ ਜੀ ਨੇ ਪਰੈਸ ਦੇ ਸਾਹਮਣੇ ਮਨਿਆਂ ਹੈ ਕੇ ਬੇਦੀ ਦੀ ਅਤਿ ਆਚਰਣ ਹੀਣਤਾ ਲਈ ਸੁਖਬੀਰ ਬਾਦਲ ਅਤੇ ਮੱਕੜ ਵਲੋਂ ਬੇਦੀ ਨੂੰ ਨਿਰਦੋਸ਼ ਕਹਿਣ ਤੇ ਮੈ ਚੁਪ ਕਰ ਗਿਆ ਹਾਂ ,ਤਾਂ ਫਿਰ ਚੰਗਾ ਹੋਵੇ ਜੇ ਭਾਈ ਸਾਹਿਬ ਪੰਥ ਨੂੰ ਇਹ ਭੀ ਦੱਸ ਦੇਣ ਕੇ ਗੁਰੂ ਕੇ ਅਦਬ ਲਈ ਅਵਾਜ਼ ਉਠਾਣ ਵਾਲੇ ਨੂੰ ਦੋਸੀ ਠਹਿਰਾਣ ਲਈ ਏਹ ਕਿਸਦੇ ਇਸ਼ਾਰੇ ਤੇ ਕੰਮ ਕਰ ਰਹੇ ਹਨ । ਦਾਸ ਨੂੰ ਤਲਬ ਕਰਨ ਵਾਲਿਆਂ ਨੂੰ ਯਾਦ ਹੋਵੇ ਗਾ ਦਾਸ ਨੇ ਪਹਿਲੇ ਹੀ ਕਹਿ ਦਿਤਾ ਸੀ ਕੇ ਜੇ ਕੋਈ ਜਥੇਦਾਰ ਸਹਿਬਾਨ ਇਸ ਵਿਸ਼ੇ ਤੇ ਵੀਚਾਰ ਵਟਾਂਦਰਾ ਕਰਣਾ ਚਾਹੁਣ ਤਾਂ ਹਾਜ਼ਰ ਹਾਂ ਪਰ ਕੇਵਲ ਸ੍ਰੀ ਅਕਾਲ ਤਖਤ ਸਾਹਿਬ ਦੇ ਅਸਥਾਣ ਤੇ ਸੰਗਤ ਦੀ ਹਾਜ਼ਰੀ ਵਿਚ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮਨਣ ਵਾਲੇ ਨਾਲ ਹੀ ਇਸ ਵਿਸ਼ੇ ਤੇ ਗੱਲ ਹੋ ਸਕਦੀ ਹੈ ਕਿਸੇ ਹੋਰ ਰਚਨਾ ਗ੍ਰੰਥ ਮੂਰਤੀ ਜਾਂ ਵਿਅਕਤੀ ਨੂੰ ਬਰਾਬਰ ਬਿਠਾਕੇ ਗੁਰੂ ਬਨਾਣ ਜਾਂ ਮਨਾਣ ਵਾਲਾ ਕੋਈ ਮਨਮੁਖ ਇਹ ਆਸ ਨਾ ਰੱਖੇ ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦਰ ਦਾ ਕੂਕਰ
ਦਰਸ਼ਨ ਸਿੰਘ ਖਾਲਸਾ

੫-੪-੨੦੦੯